# ਚੋਣਕਾਰਾਂ ਦੀਆਂ ਸਾਲਾਨਾ ਵੋਟਾਂ ਇਕੱਠੀਆਂ ਕਰਨ ਦਾ ਉਦੇਸ਼

ਹਰ ਵਰ੍ਹੇ, ਤੁਹਾਡੇ ਇਲੈਕਟੋਰਲ ਰਜਿਸਟ੍ਰੇਸ਼ਨ ਔਫ਼ਿਸਰ (Electoral Registration Officer) ਲਈ ਸਥਾਨਕ ਅਤੇ ਸੰਸਦੀ ਚੋਣਾਂ ਵਿਚ ਵੋਟਾਂ ਪਾਉਣ ਲਈ ਯੋਗ ਲੋਕਾਂ ਦੇ ਨਾਵਾਂ ਅਤੇ ਪਤਿਆਂ ਦੀ ਸੂਚੀ ਤਿਆਰ ਕਰਨੀ ਲਾਜ਼ਮੀ ਹੁੰਦੀ ਹੈ। ਇਸ ਨੂੰ ਚੋਣਕਾਰਾਂ ਦਾ ਰਜਿਸਟਰ ਕਿਹਾ ਜਾਂਦਾ ਹੈ ਅਤੇ ਇਹ ਹਰ ਸਾਲ 1 ਦਿਸੰਬਰ ਤੱਕ ਪ੍ਰਕਾਸ਼ਤ ਕੀਤਾ ਜਾਣਾ ਜ਼ਰੂਰੀ ਹੁੰਦਾ ਹੈ। ਇਹ ਰਜਿਸਟਰ ਸਾਡੇ ਲੋਕਤੰਤਰ ਦਾ ਅਧਾਰ ਹੈ, ਇਸ ਲਈ ਇਕ ਸਹੀ ਰਜਿਸਟਰ ਹੋਣਾ ਬਹੁਤ ਮਹੱਤਵਪੂਰਨ ਹੁੰਦਾ ਹੈ।

ਇਲੈਕਟੋਰਲ ਰਜਿਸਟ੍ਰੇਸ਼ਨ ਔਫ਼ਿਸਰ ਨੇ ਮੈਨੂੰ ਇਹ ਪੱਕਾ ਕਰਨ ਲਈ ਜਾਣਕਾਰੀ ਇਕੱਠੀ ਕਰਨ ਵਾਸਤੇ ਤੁਹਾਡੇ ਘਰ ਆਉਣ ਲਈ ਕਿਹਾ ਹੈ ਕਿ ਸਾਡੇ ਕੋਲ ਇਥੇ ਰਹਿੰਦੇ ਉਨ੍ਹਾਂ ਸਾਰੇ ਲੋਕਾਂ ਦੀ ਤਾਜ਼ਾ ਸੂਚੀ ਹੋਵੇ, ਜਿਹੜੇ ਵੋਟ ਪਾਉਣ ਲਈ ਯੋਗ ਹਨ। ਮੈਂ ਇਹ ਵੀ ਜਾਣਨਾ ਚਾਹੁੰਦਾ/ਚਾਹੁੰਦੀ ਹਾਂ ਕਿ ਕੀ ਇਥੇ ਅਜਿਹੇ ਲੋਕ ਵੀ ਰਹਿ ਰਹੇ ਹਨ, ਜੋ ਵੋਟ ਪਾਉਣ ਯੋਗ ਨਹੀਂ ਹਨ।

ਇਸ ਫ਼ਾਰਮ ਵਿਚ ਮੈਂ ਜੋ ਜਾਣਕਾਰੀ ਪੁੱਛ ਰਿਹਾ/ਰਹੀ ਹਾਂ, ਉਹ ਕਾਨੂੰਨ ਤਹਿਤ ਲੋੜੀਂਦੀ ਹੈ। ਮੈਂ ਇਥੇ ਰਹਿਣ ਵਾਲੇ ਉਹਨਾਂ ਸਾਰੇ ਲੋਕਾਂ ਦੇ ਨਾਮ ਜਾਣਨਾ ਚਾਹੁੰਦਾ/ਚਾਹੁੰਦੀ ਹਾਂ, ਜਿਹੜੇ:

- 16 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹਨ
- ਬ੍ਰਿਟਿਸ਼, ਆਇਰਿਸ਼ ਜਾਂ ਕੌਮਨਵੈਲਥ ਨਾਗਰਿਕ ਹਨ, ਜਾਂ
- ਯੂਰਪੀਅਨ ਯੂਨੀਅਨ ਦੀ ਮੈਂਬਰ ਸਟੇਟ (European Union Member State) ਦੇ ਨਾਗਰਿਕ ਹਨ

[ਮੇਰੇ ਕੋਲ ਇਨ੍ਹਾਂ ਦੇਸ਼ਾਂ ਦੀ ਸੂਚੀ ਹੈ]

ਮੈਂ ਉਹਨਾਂ ਸਾਰੇ ਯੋਗ ਵਿਅਕਤੀਆਂ ਦੇ ਨਾਮ ਜਾਣਨਾ ਚਾਹੁੰਦਾ/ਚਾਹੁੰਦੀ ਹਾਂ, ਜੋ ਇਥੇ 15 ਅਕਤੂਬਰ ਨੂੰ ਰਹਿੰਦੇ ਹੋਣਗੇ।

ਨਿਰਵਾਚਕੀ ਰਜਿਸਟਰ ਬਣਾਉਣ ਵਾਸਤੇ ਅਸੀਂ ਇਸ ਜਾਣਕਾਰੀ ਨੂੰ ਇਕੱਠਾ ਕਰਾਂਗੇ। ਇਸ ਰਜਿਸਟਰ ਦੀ ਵਰਤੋਂ ਅਸੀਂ ਚੋਣਾਂ ਵਿਚ ਵਰਤੋਂ ਵਾਸਤੇ ਸੂਚੀਆਂ ਤਿਆਰ ਕਰਨ ਲਈ ਅਤੇ ਅਦਾਲਤਾਂ ਲਈ ਕਰਦੇ ਹਾਂ ਜਦੋਂ ਉਹ ਜਿਊਰੀ ਸੇਵਾ ਵਾਸਤੇ ਲੋਕਾਂ ਨੂੰ ਬੁਲਾਉਂਦੀਆਂ ਹਨ। ਇਸ ਦੀ ਵਰਤੋਂ ਉਧਾਰ ਦੇ ਹਵਾਲੇ ਲੈਣ ਵਾਲੇ ਅਦਾਰੇ ਵੀ ਉਸ ਵੇਲੇ ਕਰਦੇ ਹਨ, ਜਦੋਂ ਲੋਕ ਉਧਾਰ ਲੈਣ ਲਈ ਦਰਖਾਸਤ ਦਿੰਦੇ ਹਨ।

ਇਹ ਕਾਨੂੰਨ ਹੈ ਕਿ ਮੈਂ ਲਾਜ਼ਮੀ ਰੂਪ ਵਿਚ ਹਰੇਕ ਘਰ ਤੋਂ ਇਕ ਫ਼ਾਰਮ ਵਸੂਲ ਕਰਾਂ। ਹਰੇਕ ਘਰ ਲਈ ਇਹ ਫ਼ਾਰਮ ਭਰਨਾ ਲਾਜ਼ਮੀ ਹੈ। ਜੇ ਕੋਈ ਵੀ ਯੋਗ ਨਹੀਂ ਹੈ ਤਾਂ ਰਜਿਸਟਰੇਸ਼ਨ ਫ਼ਾਰਮ ਦੇ ਭਾਗ 3 ਵਿਚ ਇਸ ਬਾਰੇ ਲਿਖਿਆ ਜਾਣਾ ਜ਼ਰੂਰੀ ਹੈ।

ਹੋ ਸਕਦਾ ਹੈ ਕਿ ਅਸੀਂ ਪਿਛਲੇ ਵਰ੍ਹੇ ਨਾ ਆਏ ਹੋਈਏ; ਹਾਲਾਂਕਿ ਕਾਨੂੰਨ ਹੁਣ ਬਦਲ ਗਿਆ ਹੈ, ਇਸ ਲਈ ਸਾਡਾ ਹਰੇਕ ਘਰ ਵਿਚ ਜਾਣਾ ਲਾਜ਼ਮੀ ਹੈ।

ਤੁਸੀਂ ਇਹ ਫ਼ਾਰਮ ਭਰ ਕੇ ਅਤੇ ਦਸਤਖ਼ਤ ਕਰਕੇ ਜਾਂ ਤਾਂ ਹੁਣੇ ਹੀ ਦੇ ਸਕਦੇ ਹੋ ਜਾਂ ਮੈਨੂੰ ਡਾਕ ਰਾਹੀਂ ਭੇਜ ਸਕਦੇ ਹੋ। ਜੇ ਤੁਸੀਂ ਮੈਨੂੰ ਹੁਣੇ ਹੀ ਇਹ ਫ਼ਾਰਮ ਦੇ ਸਕਦੇ ਹੋ, ਤਾਂ ਇਸ ਦਾ ਮਤਲਬ ਇਹ ਹੋਇਆ ਕਿ ਸਾਨੂੰ ਇਸ ਵਰ੍ਹੇ ਦੁਬਾਰਾ ਤੁਹਾਨੂੰ ਪਰੇਸ਼ਾਨ ਕਰਨ ਦੀ ਲੋੜ ਨਹੀਂ ਪਏਗੀ ਅਤੇ ਇਸ ਨਾਲ ਖਰਚਿਆਂ ਨੂੰ ਘੱਟ ਰੱਖਣ ਵਿਚ ਮਦਦ ਮਿਲੇਗੀ।